This question paper contains 3 printed pages]

*Your Roll No*...............

**4692**

**B.A. (PROGRAMME)/III** C

PUNJABI DISCIPLINE—Paper III

**(Optional)**

(For Students who have studied Punjabi upto 10th)

(Admissions of 2004/2006 and after in respect of the students of regular colleges/NCWEB)

*Time : 3 Hours* *Maximum Marks* : 75

*Write your Roll No. on the top immediately on receipt of this question paper.*

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

ਨੋਟ :– ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।

1. ਹੇਠ ਲਿਖੀਆਂ ਕਾਵਿ-ਟੁਕੜੀਆਂ ਵਿਚੋਂ ਕਿਸੇ ਇਕ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ

(ੳ) ਲੈ ਵੇ ਰਾਂਝਿਆ ਵਾਹ ਮੈਂ ਲਾ ਥੱਕੀ, ਸਾਡੇ ਵੱਸ ਥੀਂ ਗੱਲ ਬੇ ਵੱਸ ਹੋਈ।

ਕਾਜ਼ੀ ਮਾਪਿਆਂ ਭਾਈਆਂ ਬੰਨ੍ਹ ਟੋਰੀ, ਸਾਡੀ ਤੈਂਡੜੀ ਦੋਸਤੀ ਭਸ ਹੋਈ।

ਘਰ ਖੇੜਿਆਂ ਦੇ ਨਹੀਂ ਵੱਸਣਾ ਮੈਂ ਸਾਡਾ ਇਨ੍ਹਾਂ ਦੇ ਨਾਲ ਖੜ ਖੱਸ ਹੋਈ।

ਜਾਹ ਜੀਵਾਂਗੀ ਮਿਲਾਂਗੀ ਰੱਬ ਮੇਲੇ, ਹਾਲ ਸਾਲ ਤਾਂ ਦੋਸਤੀ ਬੱਸ ਹੋਈ।

(ਅ) ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,
ਦੋਵੇਂ ਪਾਤਸ਼ਾਹੀਆਂ ਫ਼ੌਜਾਂ ਭਾਰੀਆਂ ਨੀ ।
ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,
ਜੇੜ੍ਹੀਆਂ ਖਾਲਸੇ ਨੇ ਤੇਗਾਂ ਮਾਰੀਆ ਨੀ ।
ਸਣੇ ਆਦਮੀ ਗੋਲੀਆਂ ਨਾਲ ਉਡੱਣ,
ਹਾਥੀ ਡਿੱਗਦੇ ਸਣੇ ਅੰਬਾਰੀਆਂ ਨੀ ।
ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ,
ਫ਼ੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ । 5

2. 'ਮਧਕਾਲੀਨ ਪੰਜਾਬੀ ਕਾਵਿ' ਪਾਠ-ਪੁਸਤਕ ਨੂੰ ਅਧਾਰ ਬਣਾਕੇ ਮੱਧਕਾਲ ਵਿਚ ਰਚੀ ਪੰਜਾਬੀ ਕਵਿਤਾ ਉੱਤੇ ਚਰਚਾ ਕਰੋ । 10

3. 1700 ਈ: ਤੋਂ 1900 ਈ: ਵਿਚ ਰਚੇ ਗਏ ਪੰਜਾਬੀ ਸਾਹਿਤ ਦੇ ਹੇਠ ਦਿੱਤੇ ਕਿਸੇ **ਇਕ** ਰੂਪ 'ਤੇ ਵਿਸਤਾਰ ਸਹਿਤ ਚਰਚਾ ਕਰੋ :

(*i*) ਕਿੱਸਾ ਕਾਵਿ

(*ii*) ਸੂਫ਼ੀ ਕਾਵਿ

(*iii*) ਵਾਰ ਕਾਵਿ । 15

4. ਪਾਠ-ਪੁਸਤਕ 'ਕਥਾ ਪੰਜਾਬ' ਵਿਚੋਂ ਹੇਠ ਦਿਤੀਆਂ ਕਹਾਣੀਆਂ ਵਿਚੋਂ ਕਿਸੇ **ਇਕ** ਕਹਾਣੀ ਦਾ ਆਲੋਚਨਾਤਮਕ ਅਧਿਐਨ ਕਰੋ :

(*i*) ਤਾਸ਼ ਦੀ ਆਦਤ

(*ii*) ਸੂਲੀ ਉਤੇ ਲਟਕੇ ਪਲ

(*iii*) ਕਰਾਮਾਤ

(*iv*) ਦਸੌਂਧਾ ਸਿੰਘ । 15

5. ਪੰਜਾਬੀ ਭਾਸ਼ਾ ਦੀਆਂ ਵਿਸ਼ੇਸ਼ਤਾਵਾ ਲਿਖੋ ।

**ਜਾਂ**

ਗੁਰਮੁਖੀ ਲਿਪੀ ਪੰਜਾਬੀ ਭਾਸ਼ਾ ਲਈ ਕਿੰਨੀ ਕੁ ਢੁੱਕਵੀਂ ਹੈ ? ਚਰਚਾ ਕਰੋ । 15

6. ਹੇਠ ਦਿੱਤੇ ਪ੍ਰਸ਼ਨਾਂ ਦੇ ਸੰਖੇਪ ਵਿਚ ਉੱਤਰ ਦਿਉ :

(*i*) 'ਪੇਮੀ ਦੇ ਨਿਆਣੇ' ਕਹਾਣੀ ਦਾ ਅੰਤ ਕਿਹੋ ਜਿਹਾ ਹੈ ?

(*ii*) 1700-1900 ਈ ਵਿਚ ਹੋਏ ਕੋਈ ਤਿੰਨ ਕਿੱਸਾਕਾਰਾਂ ਦੇ ਨਾਂ ਦੱਸੋ ।

(*iii*) 'ਬੁੱਲ੍ਹੇ ਸ਼ਾਹ' ਦੇ ਕਾਵਿ ਦੀਆਂ ਤਿੰਨ ਵਿਸ਼ੇਸ਼ਤਾਵਾ ਲਿਖੋ ।

(*iv*) ਵਾਰ-ਕਾਵਿ ਦੀਆਂ ਕੋਈ ਤਿੰਨ ਪ੍ਰਮੁੱਖ ਰਚਨਾਵਾਂ ਦੇ ਨਾਂ ਲਿਖੋ ।

(*v*) 'ਮਾਝੀ ਉਪਬੋਲੀ' ਕਿਹੜੇ ਇਲਾਕਿਆਂ ਵਿਚ ਬੋਲੀ ਜਾਂਦੀ ਹੈ ? 3×5=15